Personal Loan
Business Loan
Home Line of Credit
416-816-8500

ਲੇਡੀਜ਼ ਰੇਡੀਮੇਡ ਕਪੜੇ
ਖ਼ਰੀਦਣ ਲਈ ਕਾਲ ਕਰੋ
647-829-2454

ਦੰਦਾਂ ਦੀ ਦੇਖਭਾਲ
905-450-5600

12 Beds, 7 Baths
For 24 Guests
416-816-8500

ਮਰਦਾਨਾ ਕਮਜ਼ੋਰੀ
416-992-5489

ਸਫ਼ਾਈ ਕਰਾਓ
ਘਰ ਜਾਂ ਆਫ਼ਿਸ
647-854-9038

ਇੰਡੀਅਨ ਵੀਜ਼ਾ
OCI & Passport
Renewal
514-389-7070

ਕਰਜ਼ੇ ਤੋਂ ਪਰੇਸ਼ਾਨ ਹੋ ?
416-502-3100

ਅਜੀਤ
AJIT WEEKLY
Division of 6178235 canada inc.

Founding Patron & CEO: Late (Dr.) Prof. Darshan Singh
Founding Director: Late Vinny Bains
Patron & Director: Kanwaljit Kaur Bains
Chief Executive Officer: Chamkaur Singh Machhike
Chief Editor: Kanwar Bains
International Editors: Mandeep Khurmi, Syed Asif Shahkar,Sweden, Jasreen Kaur, India
Representatives: Suman Modgil, Rupinderjit Kaur
Toronto Reps.: Jasbir Singh Boparai
Brithish Columbia Reps.: Balley Singh Shoker
California Reps.: John Pal Singh
New York Reps.: Harbhjan Singh

FINANCIAL ADVISOR
M.B.E. Accounting
ADVISORY BOARD
CHIEF ADV.: DR. RAWAIL SINGH (INDIA)
BALKAR SINGH (GOUSSAIN VILLE, FRANCE)
PRESS PHOTOGRAPHER
SUNDIP BRAR
ADVERTISING
Editorial : (905) 671-4761, (905) 671-4762
(905) 671-4767, (416) 899-2548
Toll Free Phone :1-888-371-AJIT (2548)
Toll Free Fax : 1-888-981-2818
e-mail : Info@ajitweekly.com
www.darshantv.ca
www.ajitweekly.com
www.ajitweeklymatrimonials.com
fb.com/ajitweeklycanada
instagram.com/ajitweekly
twitter.com/ajitweekly1
https://www.youtube.com/@ajitWeeklycanada

MAILING ADDRESS
2-7015 TRANMERE DRIVE
MISSISSAUGA ONT. L5S 1T7 CANADA

PUBLICATION MAIL AGREEMENT
ACCOUNT NUMBER : 4750993, AGGREMENT NO : 40112768

The Ajit Weekly and people associated with it are not responsible for any claims made by the advertisers and don't endorse any product or services advertised in the Ajit Weekly. Please consult your lawyer before buying/hiring/contracting through the ads published in the newspaper. The Ajit Weekly is in the business of selling space and claims made by the advertisers are not tested/confirmed by an independent source.All psychic's, soothsayers' and astrologer's ads are only for entertainment purposes. All rights reserved.

ਸਾਊਥਾਲ ਗੁਰੂਘਰ ਦੀਆਂ ਚੋਣਾਂ ਧਾਰਮਿਕ ਪ੍ਰਬੰਧ ਜਾਂ ਰਾਜਨੀਤਿਕ ਅਖਾੜਾ

ਸਰਬਜੀਤ ਸਿੰਘ ਬਨੂੜ

ਸਾਊਥਾਲ: ਲੰਡਨ ਦਾ ਸਾਊਥਾਲ ਸਿਰਫ਼ ਪਰਵਾਸੀ ਪੰਜਾਬੀਆਂ ਦਾ ਕੇਂਦਰ ਹੀ ਨਹੀਂ ਸਗੋਂ ਬ੍ਰਿਟੇਨ 'ਚ ਸਿੱਖ ਭਾਈਚਾਰੇ ਦੀ ਧਾਰਮਿਕ ਅਤੇ ਸਮਾਜਕ ਰੂਹ ਦਾ ਪ੍ਰਤੀਕ ਹੈ। ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਸਾਊਥਾਲ ਦੀਆਂ ਦੋਵੇਂ ਗੁਰਦੁਆਰਿਆਂ ਦੇ ਪ੍ਰਬੰਧ ਲਈ ਚੱਲ ਰਹੀਆਂ ਚੋਣ ਪ੍ਰਕਿਰਿਆਵਾਂ ਕਾਰਨ ਮੁੜ ਅਖ਼ਬਾਰਾਂ ਦੀਆਂ ਸੁਰਖ਼ੀਆਂ ਬਣ ਰਿਹਾ ਹੈ। ਸਥਾਨਕ ਗੁਰਦੁਆਰਿਆਂ ਦੀਆਂ ਚੋਣਾਂ ਸਿਰਫ਼ ਧਾਰਮਿਕ ਸੰਸਥਾ ਦੀ ਦਿਸ਼ਾ ਤੈਅ ਨਹੀਂ ਕਰਦੀਆਂ ਸਗੋਂ ਵਿਸ਼ਵ ਪੱਧਰ 'ਤੇ ਸਿੱਖ ਭਾਈਚਾਰੇ ਦੀ ਅਵਾਜ਼ ਨੂੰ ਵੀ ਪ੍ਰਭਾਵਿਤ ਕਰਦੀਆਂ ਹਨ।

ਦੋਵੇਂ ਧਿਰ ਵੋਟਰਾਂ ਨੂੰ ਲੈ ਕੇ ਸਿਆਸੀ ਗਰਮਾਹਟ ਪੂਰੇ ਜ਼ੋਰਾ ਨਾਲ ਚੱਲ ਰਹੀ ਹੈ। ਮੌਜੂਦਾ ਕਮੇਟੀ, ਬਾਜ਼ ਗਰੁੱਪ ਹਿੰਮਤ ਸਿੰਘ ਸੋਹੀ ਅਤੇ ਕੁਲਵੰਤ ਸਿੰਘ ਭਿੰਡਰ ਅਤੇ ਸ਼ੇਰ ਗਰੁੱਪ ਗੁਰਮੇਲ ਸਿੰਘ ਮੱਲੀ, ਹਰਜੀਤ ਸਿੰਘ ਸਰਪੰਚ ਵੱਡੇ ਪੱਧਰ 'ਤੇ ਸੰਗਤਾਂ ਨੂੰ ਵੋਟ ਬਣਾਉਣ ਲਈ ਜਾਗਰੂਕ ਕਰ ਰਹੇ ਹਨ। ਗੁਰਦੁਆਰਾ ਸਟੇਜ 'ਤੇ ਕਾਬਜ਼ ਹੋਣਾ ਕਿਸੇ ਵੀ ਧਿਰ ਲਈ ਸਿਰਫ਼ ਧਾਰਮਿਕ ਸੇਵਾ ਨਹੀਂ ਸਗੋਂ ਇੱਕ ਪ੍ਰਭਾਵਸ਼ਾਲੀ ਪਲੈਟਫ਼ੌਰਮ ਹਾਸਿਲ ਕਰਨਾ ਵੀ ਹੈ। ਇਥੇ ਉਨ੍ਹਾਂ ਵੋਟਾਂ ਦੀ ਭੂਮਿਕਾ ਵੀ ਮਹੱਤਵਪੂਰਣ ਬਣ ਜਾਂਦੀ ਹੈ ਜੋ ਉਮਰ ਭਰ ਲਈ ਰੈਜਿਸਟਰਡ ਹਨ, ਭਾਵੇਂ ਉਹਨਾਂ ਦਾ ਗੁਰਦੁਆਰੇ ਨਾਲ ਧਾਰਮਿਕ ਨਾਤਾ ਘੱਟ ਹੀ ਕਿਉਂ ਨਾ ਹੋਵੇ।

ਇਹ ਗੁਰਦੁਆਰਾ ਸਿਰਫ਼ ਇੱਕ ਧਾਰਮਿਕ ਕੇਂਦਰ ਹੀ ਨਹੀਂ ਸਗੋਂ ਪੰਜਾਬੀ ਡਾਇਸਪੋਰਾ ਦੀ ਰਾਜਨੀਤਿਕ ਧੜਕਨ ਵੀ ਹੈ। ਇਸ ਲਈ ਭਾਰਤੀ ਵਿਦੇਸ਼ ਮੰਤਰਾਲਾ ਵੀ ਇਨ੍ਹਾਂ ਚੋਣਾਂ 'ਤੇ ਅਸਿੱਧੀ ਨਜ਼ਰ ਰੱਖਦਾ ਹੈ। ਭਾਰਤੀ ਮੂਲ ਦੇ MPs, ਕੌਂਸਲਰ ਅਤੇ ਸ਼ਫ਼ਾਰਤੇਖਾਨਿਆਂ ਨਾਲ ਜੁੜੇ ਹਮ-ਖ਼ਿਆਲੀ ਅਕਸਰ ਵੱਖ-ਵੱਖ ਤਰੀਕਿਆਂ

ਨਾਲ ਇਹ ਯਕੀਨੀ ਬਣਾਉਣ ਦੀ ਕੋਸ਼ਿਸ਼ ਕਰਦੇ ਹਨ ਕਿ ਮੰਚ 'ਤੇ ਉਹ ਧਿਰ ਆਵੇ ਜਿਸ ਦੀ ਸੋਚ ਉਨ੍ਹਾਂ ਦੇ ਹਿੱਤਾਂ ਨਾਲ ਮੇਲ ਖਾਂਦੀ ਹੋਵੇ। ਸਾਊਥਾਲ ਗੁਰਦੁਆਰੇ ਦੀਆਂ ਚੋਣਾਂ ਪੰਜਾਬ ਦੀਆਂ ਚੋਣਾਂ ਤੋਂ ਘੱਟ ਨਹੀਂ ਲੱਗਦੀਆਂ। ਸੰਗਤਾਂ ਤਕ ਪਹੁੰਚ ਕਰਨ ਲਈ ਖਾਣ-ਪੀਣ ਦੇ ਪ੍ਰਬੰਧ, ਪਿੰਡ-ਵਾਲੇ ਮਾਹੌਲ ਦੀ ਯਾਦ ਦਿਵਾਉਂਦੇ ਹਨ। ਚੋਣਾਂ ਦਾ ਸਿਆਸੀ ਅਖਾੜਾ, ਮੁਰਗ ਮਸਾਲਾ ਅਤੇ ਦਾਰੂ ਦੀਆਂ ਮਹਿਫ਼ਲਾਂ ਆਮ ਹੁੰਦੀਆਂ ਹਨ ਜੋ ਕਿਸੇ ਤੋਂ ਲੁਕਿਆ ਨਹੀਂ। ਪੰਜਾਬ ਦੇ ਵੱਡੇ ਪੁਲੀਸ ਅਧਿਕਾਰੀ ਇਨ੍ਹਾਂ ਚੌਣਾ 'ਚ ਵੱਡੀ ਦਿਲਚਸਪੀ ਦਿਖਾ ਕੇ ਆਪਣੇ ਹਮਦਰਦੀਆਂ ਦੇ ਹੱਕ 'ਚ ਭੁਗਤਦੇ ਰਹੇ ਹਨ।

ਹਾਲ ਹੀ 'ਚ ਦੋਵੇਂ ਧਿਰਾਂ ਦੇ ਮੈਂਬਰ ਇੱਕ-ਦੂਜੇ ਉੱਤੇ ਤਰਾਸਬਾਜ਼ੀ ਦੇ ਦੋਸ਼ ਲਗਾ ਰਹੇ ਹਨ, ਅਤੇ ਕੁਝ ਪੁਰਾਣੇ ਮੈਂਬਰ ਧਿਰ ਬਦਲ ਕੇ ਮੁੜ ਕਾਬਜ਼ ਹੋਣ ਲਈ ਯੋਜਨਾਵਾਂ ਬਣਾਉਂਦੇ ਨਜ਼ਰ ਆ ਰਹੇ ਹਨ। ਕੁਝ ਆਜ਼ਾਦ ਆਗੂ ਵੀ ਚਾਹੁੰਦੇ ਹਨ ਕਿ ਇਹ ਗੁਰਦੁਆਰੇ ਦੇ ਪ੍ਰਬੰਧ ਤੋਂ ਬਾਹਰਲੇ ਦਬਾਅ ਤੋਂ ਮੁਕਤ ਹੋਣ ਅਤੇ ਖ਼ਾਲਸਾਈ ਮਰਯਾਦਾ ਅਨੁਸਾਰ ਚੱਲਣ। ਇਨ੍ਹਾਂ ਚੋਣਾਂ 'ਚ ਵੱਡੇ ਰਾਜਨੀਤਿਕ ਹਿੱਤਾਂ ਦੀ ਭੂਮਿਕਾ ਨੇ ਇੱਕ ਵਾਰ ਫ਼ਿਰ ਸਵਾਲ ਖੜ੍ਹਾ ਕੀਤਾ ਹੈ ਕੀ ਕੀ ਸਾਡੇ ਗੁਰਦੁਆਰੇ ਧਾਰਮਿਕ ਤੇ ਸਮਾਜਿਕ ਸੇਵਾ ਦੇ ਕੇਂਦਰ ਹਨ ਜਾਂ ਰਾਜਨੀਤਿਕ ਕਾਬੂ ਦਾ ਸਾਧਨ ਬਣ ਰਹੇ ਹਨ, ਜਾਂ ਨਿੱਜੀ ਹਿੱਤਾ ਨੂੰ ਮੁੱਖ ਰੱਖਦੇ ਹੋਏ ਇੱਕ ਦੂਜੇ ਲਈ ਵੋਟਾਂ ਬਣਾਉਣ ਲਈ ਕਾਹਲੇ ਹਨ। ਜਿੱਥੇ ਸਿੱਖ ਭਾਈਚਾਰੇ ਦੀਆਂ ਮੁੱਖ ਮੁੱਦਿਆਂ 'ਤੇ ਗੱਲਬਾਤ ਹੋਣੀ ਚਾਹੀਦੀ ਹੈ, ਉੱਥੇ ਬਾਹਰਲੀ ਦਖ਼ਲਅੰਦਾਜ਼ੀ ਅਤੇ ਅੰਦਰਲੀ ਧਿਰਬੰਦੀ ਭਾਰੀ ਪੈ ਰਹੀ ਹੈ। ਆਉਣ ਵਾਲੇ ਦਿਨਾਂ 'ਚ ਚੋਣ ਨਤੀਜੇ ਇਹ ਤੈਅ ਕਰਨਗੇ ਕਿ ਇਸ ਵੱਡੇ ਪ੍ਰਬੰਧ ਦੀ ਸੇਵਾ ਕਿਸ ਦੇ ਹੱਥ ਆਵੇਗਾ, ਪਰ ਇਹ ਵੀ ਤੈਅ ਹੋਵੇਗਾ ਕਿ ਸਿੱਖ ਸੰਸਥਾਵਾਂ ਦੀ ਦਿਸ਼ਾ ਖ਼ਾਲਸਾਈ ਮਰਯਾਦਾ ਵੱਲ ਜਾਂ ਬਾਹਰੀ ਪ੍ਰਭਾਵਾਂ ਵੱਲ ਕਿੱਥੇ ਮੁੜੇਗੀ ਜਾਂ ਭਾਰਤੀ ਸਫ਼ਾਰਤਖ਼ਾਨੇ ਦੀ ਅਸਿੱਧੇ ਰੂਪ 'ਚ ਭੂਮਿਕਾ ਕਾਰਗਰ ਹੋਵੇਗੀ।

ਵਕੀਲ ਦੀ ਲੋੜ ?
905-362-0755

ਸਸਤੀਆਂ ਹਵਾਈ ਟਿਕਟਾਂ
905-595-1700

Sher Atta
$14.99 20LB
905-678-0300

ਕਰਜ਼ੇ ਤੋਂ ਪਰੇਸ਼ਾਨ ਹੋ ?
416-502-3100

ਸਸਤੀਆਂ ਹਵਾਈ ਟਿਕਟਾਂ
24/7 SERVICE
905-456-9977

Security Cameras
CCTV
Live Monitoring
647-863-9232

ਸਿੱਖਾਂ ਨੂੰ ਕਕਾਰ ਪਹਿਨ ਕੇ ਪ੍ਰੀਖਿਆ ਦੇਣ ਦੀ ਮਿਲੀ ਛੋਟ

ਤਰਨਤਾਰਨ: ਪੰਜਾਬ ਦੇ ਤਰਨਤਾਰਨ ਜ਼ਿਲ੍ਹੇ ਦੀ ਇੱਕ ਸਿੱਖ ਵਿਦਿਆਰਥਣ, ਜੋ ਜੈਪੁਰ ਦੀ ਪੂਰਨਿਮਾ ਯੂਨੀਵਰਸਿਟੀ 'ਚ ਆਯੋਜਿਤ ਨਿਆਂਇਕ ਸੇਵਾ ਪ੍ਰੀਖਿਆ (PCS-J) 'ਚ ਸ਼ਾਮਿਲ ਹੋਣ ਲਈ ਰਾਜਸਥਾਨ ਆਈ ਸੀ, ਨੂੰ ਉਸ ਦੇ ਧਾਰਮਿਕ ਚਿੰਨ੍ਹ (ਕਾਕਾਰ) ਕਾਰਨ ਪ੍ਰੀਖਿਆ ਕੇਂਦਰ 'ਚ ਦਾਖਲ ਹੋਣ ਤੋਂ ਰੋਕ ਦਿੱਤਾ ਗਿਆ। ਇਸ ਮਾਮਲੇ 'ਚ ਹੁਣ ਰਾਜਸਥਾਨ ਸਰਕਾਰ ਦਾ ਵੱਡਾ ਫ਼ੈਸਲਾ ਸਾਹਮਣੇ ਆਇਆ ਹੈ। ਰਾਜਸਥਾਨ ਸਰਕਾਰ ਨੇ ਆਪਣੀ ਇਸ ਗ਼ਲਤੀ ਨੂੰ ਸੁਧਾਰਦਿਆਂ ਸਿੱਖ ਉਮੀਦਵਾਰਾਂ ਨੂੰ ਧਾਰਮਿਕ ਚਿੰਨ੍ਹ (ਕਕਾਰ) ਪਹਿਨ ਕੇ ਪ੍ਰੀਖਿਆ ਦੇਣ ਦੀ ਆਗਿਆ ਦੇ ਦਿੱਤੀ ਹੈ।

ਇਸ ਸਬੰਧੀ ਇੱਕ ਪੱਤਰ ਜਾਰੀ ਕਰ ਕੇ ਲਿਖਿਆ ਗਿਆ ਹੈ ਕਿ ਉਕਤ ਸਰਕੂਲਰ ਦੁਆਰਾ ਸੰਵਿਧਾਨ 'ਚ ਦਿੱਤੀ ਗਈ ਧਰਮ ਦੀ ਆਜ਼ਾਦੀ ਅਤੇ ਸਰਕੂਲਰ 'ਚ ਦਰਸਾਏ ਗਏ ਉਪਬੰਧਾਂ ਅਤੇ ਮਾਣਯੋਗ ਦਿੱਲੀ ਹਾਈਕੋਰਟ ਦੁਆਰਾ ਇਸ ਸਬੰਧ 'ਚ ਵਿਆਖਿਆ ਕੀਤੀ ਗਈ ਵਿਵਸਥਾ ਦੇ ਮੱਦੇਨਜ਼ਰ ਇਹ ਹਦਾਇਤ ਕੀਤੀ ਜਾਂਦੀ ਹੈ ਕਿ ਜਨਤਕ ਵਿਵਸਥਾ ਬਣਾਈ ਰੱਖਦੇ ਹੋਏ ਸਿੱਖ ਧਰਮ ਦੇ ਉਮੀਦਵਾਰਾਂ ਨੂੰ ਰਾਜਸਥਾਨ ਪਬਲਿਕ ਸਰਵਿਸ ਕਮਿਸ਼ਨ, ਰਾਜਸਥਾਨ ਸਟਾਫ਼ ਸਿਲੈਕਸ਼ਨ ਬੋਰਡ ਅਤੇ ਹੋਰ ਵਿਭਾਗਾਂ ਜਿਵੇਂ ਕਿ ਤਕਨੀਕੀ ਅਤੇ ਉੱਚ ਸਿੱਖਿਆ, ਮੈਡੀਕਲ ਸਿੱਖਿਆ, ਸਕੂਲ ਸਿੱਖਿਆ, ਪੁਲੀਸ ਡਾਇਰੈਕਟਰ ਜਨਰਲ ਆਦਿ ਦੁਆਰਾ ਆਯੋਜਿਤ ਵੱਖ-ਵੱਖ ਪ੍ਰਤੀਯੋਗੀ ਪ੍ਰੀਖਿਆਵਾਂ 'ਚ ਕੜਾ, ਕ੍ਰਿਪਾਨ ਅਤੇ ਪੱਗੜੀ ਆਦਿ ਧਾਰਮਿਕ ਚਿੰਨ੍ਹ ਪਹਿਨ ਕੇ ਪ੍ਰੀਖਿਆ 'ਚ ਬੈਠਣ ਦੀ ਆਗਿਆ ਦਿੱਤੀ ਜਾਵੇ। ਸਿੱਖ ਧਰਮ ਦੇ ਉਮੀਦਵਾਰਾਂ ਨੂੰ ਇੱਕ ਘੰਟਾ ਪਹਿਲਾਂ ਪ੍ਰੀਖਿਆ ਕੇਂਦਰ 'ਚ ਰਿਪੋਰਟ ਕਰਨ ਲਈ ਆਮ ਨਿਰਦੇਸ਼

ਜਾਰੀ ਕੀਤੇ ਜਾ ਸਕਦੇ ਹਨ। ਜੇਕਰ ਸਕ੍ਰੀਨਿੰਗ ਦੌਰਾਨ ਕੋਈ ਵੀ ਸਿੱਖ ਉਮੀਦਵਾਰ ਸਰਕੂਲਰ 'ਚ ਦਰਸਾਏ ਗਏ ਕਿਸੇ ਵੀ ਸ਼ੱਕੀ ਯੰਤਰ ਨੂੰ ਲੈ ਕੇ ਜਾਂਦਾ ਪਾਇਆ ਜਾਂਦਾ ਹੈ ਤਾਂ ਉਸ ਨੂੰ ਪ੍ਰੀਖਿਆ ਹਾਲ 'ਚ ਲਿਜਾਣ ਦੀ ਆਗਿਆ ਨਹੀਂ ਹੋਣੀ ਚਾਹੀਦੀ।

ਇੱਥੇ ਇਹ ਗੱਲ ਦੱਸਣ ਯੋਗ ਹੈ ਕਿ ਰਾਜਸਥਾਨ ਰਾਜ ਘੱਟ ਗਿਣਤੀ ਕਮਿਸ਼ਨ ਦੇ ਇੱਕ ਪੱਤਰ ਰਾਹੀਂ ਇਹ ਧਿਆਨ 'ਚ ਆਇਆ ਹੈ ਕਿ ਨਿਆਂਇਕ ਸੇਵਾ ਪ੍ਰੀਖਿਆ ਦੌਰਾਨ ਇੱਕ ਸਿੱਖ ਉਮੀਦਵਾਰ ਨੂੰ ਆਪਣਾ ਕੜਾ ਉਤਾਰਨ ਲਈ ਕਿਹਾ ਗਿਆ ਸੀ, ਅਤੇ ਨਾ ਹਟਾਉਣ 'ਤੇ ਉਸ ਨੂੰ ਪ੍ਰੀਖਿਆ 'ਚ ਬੈਠਣ ਦੀ ਆਗਿਆ ਦੇਣ ਤੋਂ ਇਨਕਾਰ ਕਰ ਦਿੱਤਾ ਗਿਆ। ਇਸ ਤੋਂ ਇਲਾਵਾ ਘੱਟ-ਗਿਣਤੀ ਕਮਿਸ਼ਨ ਨੇ ਅਜਿਹੀਆਂ ਹੋਰ ਘਟਨਾਵਾਂ ਦਾ ਵੀ ਨੋਟਿਸ ਲਿਆ ਹੈ। ਸਰਕੂਲਰ ਦੀ ਪ੍ਰਭਾਵਸ਼ਾਲੀ ਢੰਗ ਨਾਲ ਪਾਲਣਾ ਨਾ ਹੋਣ ਕਾਰਨ ਅਜਿਹੀਆਂ ਘਟਨਾਵਾਂ ਵਾਪਰੀਆਂ ਹਨ ਅਤੇ ਸਿੱਖ ਭਾਈਚਾਰੇ 'ਚ ਗੁੱਸਾ ਹੈ। ਇਸ ਲਈ, ਉਕਤ ਸਰਕੂਲਰ ਦੀ ਪ੍ਰਭਾਵਸ਼ਾਲੀ ਪਾਲਣਾ ਲਈ ਸਬੰਧਤਾਂ ਨੂੰ ਪਾਲਣਾ ਕਰਨ ਦਾ ਨਿਰਦੇਸ਼ ਦਿੱਤਾ ਜਾਣਾ ਚਾਹੀਦਾ ਹੈ। ਇਸ ਨੂੰ ਯਕੀਨੀ ਬਣਾਉਣ ਲਈ ਉਪਰਾਲੇ ਕੀਤੇ ਜਾਣ।

ਜ਼ਿਕਰਯੋਗ ਹੈ ਕਿ ਵਿਦਿਆਰਥਣ ਦਾ ਦੋਸ਼ ਸੀ ਕਿ ਸੁਰੱਖ਼ਿਆ ਕਰਮਚਾਰੀਆਂ ਨੇ ਉਸ ਨੂੰ ਕਕਾਰ ਹਟਾਉਣ ਲਈ ਕਿਹਾ, ਪਰ ਉਸ ਨੇ ਅਜਿਹਾ ਨਹੀਂ ਕੀਤਾ। ਇਸ ਕਾਰਨ ਵਿਦਿਆਰਥਣ ਪ੍ਰੀਖਿਆ ਕੇਂਦਰ 'ਚ ਦਾਖਲ ਨਹੀਂ ਹੋ ਸਕੀ ਜਿਸ ਕਾਰਨ ਉਹ ਆਪਣੀ ਪ੍ਰੀਖਿਆ ਤੋਂ ਖੁੰਝ ਗਈ। ਮੌਕੇ ਤੋਂ ਹੀ ਉਸ ਨੇ ਘਟਨਾ ਦੀਆਂ ਕੁੱਝ ਵੀਡੀਓ ਬਣਾਈਆਂ ਅਤੇ ਉਨ੍ਹਾਂ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਈਮੇਲ ਕੀਤਾ।

ਬੈੱਡ ਬਗ਼ਜ਼ (ਖਟਮਲ) ਖ਼ਤਮ
647-688-3944

ਕਰਜ਼ੇ ਤੋਂ ਪਰੇਸ਼ਾਨ ਹੋ ?
416-502-3100

ਲੀਗਲ ਸੇਵਾਵਾਂ
905-913-2355

ਜਾਦੂ ਟੂਣੇ ਦੀ ਕਾਟ
1-604-961-6635

ਵਕੀਲ ਦੀ ਲੋੜ ?
905-362-0755

ਖਟਮਲਾਂ, ਕੌਕਰੋਚਾਂ ਅਤੇ
ਚੂਹਿਆਂ ਦਾ ਖ਼ਾਤਮਾ
416-277-9742

ਦੰਦਾਂ ਦੀ ਦੇਖਭਾਲ
905-450-5600

ਸਸਤੀਆਂ ਹਵਾਈ ਟਿਕਟਾਂ
905-595-1700

ਸੁਧਰ ਰਹੇ ਨੇ ਭਾਰਤ-ਕੈਨੇਡਾ ਦੇ ਸਬੰਧ, ਖ਼ਾਲਿਸਤਾਨੀ ਗਤੀਵਿਧੀਆਂ ਨਹੀਂ ਬਣ ਸਕਦੀਆਂ ਰੋੜਾ

ਟੋਰੌਂਟੋ: ਭਾਰਤ-ਕੈਨੇਡਾ ਵਿਚਾਲੇ ਸਬੰਧਾਂ 'ਚ ਸੁਧਾਰ ਦੀ ਆਸ ਬਣੀ ਹੋਈ ਹੈ। ਹਾਲ ਹੀ 'ਚ ਕੁੱਝ ਸਮੂਹਾਂ ਦੇ ਵਿਰੋਧ ਦੇ ਬਾਵਜੂਦ ਕੈਨੇਡੀਅਨ ਪ੍ਰਧਾਨ ਮੰਤਰੀ ਕਾਰਨੀ ਨੇ ਆਪਣੇ ਭਾਰਤੀ ਹਮਰੁਤਬਾ ਨਰੇਂਦਰ ਮੋਦੀ ਨੂੰ ਜੂਨ 'ਚ ਐਲਬਰਟਾ ਦੇ ਕਨਾਨਾਸਕਿਸ 'ਚ G-7 ਨੇਤਾਵਾਂ ਦੇ ਸੰਮੇਲਨ ਲਈ ਸੱਦਾ ਦਿੱਤਾ ਸੀ ਜਿਸ ਨਾਲ ਸਬੰਧਾਂ 'ਚ ਸੁਧਾਰ ਦੀ ਸ਼ੁਰੂਆਤ ਮੰਨੀ ਜਾ ਰਹੀ ਹੈ। ਇਸ ਕਦਮ ਨਾਲ ਉਕਤ ਸਮੂਹ 'ਚ ਸ਼ਾਮਿਲ ਮੈਂਬਰਾਂ ਦਾ ਮੰਨਣਾ ਹੈ ਕਿ ਭਾਰਤ ਅਤੇ ਕੈਨੇਡਾ ਵਿਚਕਾਰ ਚੱਲ ਰਹੇ ਆਦਾਨ-ਪ੍ਰਦਾਨ ਤੋਂ ਲੱਗਦਾ ਹੈ ਕਿ ਪ੍ਰਧਾਨ ਮੰਤਰੀ ਮਾਰਕ ਕਾਰਨੀ ਦੀ ਸਰਕਾਰ ਦੁਵੱਲੇ ਸਬੰਧਾਂ ਨੂੰ ਖ਼ਾਲਿਸਤਾਨ ਪੱਖੀ ਲੌਬੀ ਦੁਆਰਾ ਖ਼ਰਾਬ ਨਹੀਂ ਹੋਣ ਦੇਵੇਗੀ।

ਅਜਿਹਾ ਮੰਨਣ ਵਾਲਿਆਂ 'ਚ ਔਟਵਾ ਦੇ ਸਾਬਕਾ ਹਾਈ ਕਮਿਸ਼ਨਰ ਅਜੈ ਬਿਸਾਰੀਆ ਵੀ ਹਨ ਜਿਨ੍ਹਾਂ ਨੇ ਹਾਲ ਹੀ 'ਚ ਇਸ ਮਹੀਨੇ ਕੈਨੇਡੀਅਨ ਰਾਜਧਾਨੀ ਅਤੇ ਟੋਰੌਂਟੋ 'ਚ ਦੋ ਗੋਲਮੇਜ਼ ਮੀਟਿੰਗਾਂ 'ਚ ਹਿੱਸਾ ਲਿਆ ਸੀ ਜਿਨ੍ਹਾਂ 'ਚ ਸੀਨੀਅਰ ਭਾਰਤੀ ਅਤੇ ਕੈਨੇਡੀਅਨ ਅਧਿਕਾਰੀ ਸ਼ਾਮਿਲ ਸਨ ਅਤੇ ਨਾਲ ਹੀ ਵਪਾਰਕ ਸੰਗਠਨਾਂ ਅਤੇ ਹੋਰਾਂ ਦੇ ਨੁਮਾਇੰਦੇ ਵੀ। ਇੱਕ ਸਮਾਚਾਰ ਏਜੰਸੀ ਨਾਲ ਗੱਲ ਕਰਦੇ ਹੋਏ ਬਿਸਾਰੀਆ ਨੇ ਕਿਹਾ, "ਭਾਰਤੀ ਪੱਖ ਨੂੰ ਜੋ ਸੰਕੇਤ ਮਿਲ ਰਿਹਾ ਹੈ ਉਹ ਇਹ ਹੈ ਕਿ ਕੈਨੇਡਾ ਦੀ ਨਵੀਂ ਸਰਕਾਰ ਪਰਵਾਸੀ ਰਾਜਨੀਤੀ ਤੋਂ ਉੱਪਰ ਉਠੇਗੀ, ਅਤੇ ਉਹ ਕੈਨੇਡਾ

ਦੇ ਰਾਸ਼ਟਰੀ ਹਿੱਤ 'ਚ ਕੰਮ ਕਰੇਗੀ।" ਭਾਵੇਂ ਬਿਸਾਰੀਆ ਨੇ ਸਿੱਧੇ ਤੌਰ 'ਤੇ ਖ਼ਾਲਿਸਤਾਨ ਪੱਖੀ ਸਮੂਹਾਂ ਦਾ ਨਾਮ ਨਹੀਂ ਲਿਆ, ਪਰ ਅਤੀਤ 'ਚ ਉਹ ਭਾਰਤ ਪ੍ਰਤੀ ਔਟਵਾ ਦੇ ਰੁਖ ਦੇ ਮਾਮਲੇ 'ਚ ਪ੍ਰਭਾਵਸ਼ਾਲੀ ਸਾਬਿਤ ਹੋਏ ਸਨ, ਖ਼ਾਸ ਕਰ ਕੇ ਜਦੋਂ ਕਾਰਨੀ ਦੇ ਪੂਰਵ-ਪ੍ਰਧਾਨ ਜਸਟਿਨ ਟਰੂਡੋ ਸਰਕਾਰ ਦੀ ਅਗਵਾਈ ਕਰ ਰਹੇ ਸਨ।

ਬਿਸਾਰੀਆ ਨੇ ਕਿਹਾ, "ਦੋਵੇਂ ਸਰਕਾਰਾਂ ਹੁਣ ਪੁਸ਼ਟੀ ਕਰ ਰਹੀਆਂ ਹਨ ਕਿ ਸਬੰਧਾਂ 'ਚ ਸੁਧਾਰ ਦੀ ਪ੍ਰਕਿਰਿਆ ਸ਼ੁਰੂ ਹੋ ਗਈ ਹੈ ਅਤੇ ਇਹ ਇੱਕ ਕਦਮ-ਦਰ-ਕਦਮ ਪ੍ਰਕਿਰਿਆ ਹੋਵੇਗੀ।" ਕਨਾਨਾਸਕਿਸ 'ਚ ਹੋਈ ਮੀਟਿੰਗ 'ਚ ਇਹ ਨੋਟ ਕੀਤਾ ਗਿਆ ਕਿ ਦੋਵੇਂ ਪ੍ਰਧਾਨ ਮੰਤਰੀਆਂ ਨੇ ਆਪਸੀ ਸਤਿਕਾਰ, ਕਾਨੂੰਨ ਦੇ ਰਾਜ ਅਤੇ ਪ੍ਰਭੂਸੱਤਾ ਤੇ ਖੇਤਰੀ ਅਖੰਡਤਾ ਦੇ ਸਿਧਾਂਤ ਪ੍ਰਤੀ ਵਚਨਬੱਧਤਾ 'ਤੇ ਆਧਾਰਿਤ ਕੈਨੇਡਾ-ਭਾਰਤ ਸੰਬੰਧਾਂ ਦੀ ਮਹੱਤਤਾ ਦੀ ਪੁਸ਼ਟੀ ਕੀਤੀ।

ਇਟਾਲੀਅਨ PM ਯੌਰਪ ਦੀ ਸਭ ਤੋਂ ਪਸੰਦੀਦਾ

ਰੋਮ: ਇਟਲੀ ਦੀ ਪਹਿਲੀ ਮਹਿਲਾ ਪ੍ਰਧਾਨ ਮੰਤਰੀ ਜੌਰਜੀਆ ਮੈਲੋਨੀ ਯੌਰਪ 'ਚ ਇੱਕ ਨੇਤਾ ਵਜੋਂ ਉੱਭਰ ਰਹੀ ਹੈ। ਉਹ ਪਰਵਾਸੀਆਂ ਵਿਰੁੱਧ ਆਪਣੀ ਸਖ਼ਤ ਕਾਰਵਾਈ ਲਈ ਜਾਣੀ ਜਾਂਦੀ ਹੈ। ਮੈਲੋਨੀ ਨੇ ਇਟਲੀ 'ਚ ਮੱਧਵਾਦੀ ਅਤੇ ਸੱਜੇ-ਪੱਖੀ ਤਾਕਤਾਂ ਨੂੰ ਇਕਜੁੱਟ ਕੀਤਾ ਹੈ। ਜਦੋਂ ਅਕਤੂਬਰ 2022 'ਚ ਜੌਰਜੀਆ ਮੈਲੋਨੀ ਸੱਤਾ 'ਚ ਆਈ ਸੀ ਤਾਂ ਇਟਲੀ ਅਤੇ ਯੌਰਪ ਦੇ ਲੋਕਾਂ ਨੂੰ ਡਰ ਸੀ ਕਿ ਉਹ ਦੇਸ਼ ਨੂੰ ਫ਼ਾਸ਼ੀਵਾਦ ਦੇ ਰਾਹ 'ਤੇ ਲੈ ਜਾਵੇਗੀ। ਉਸ ਸਮੇਂ ਅਮਰੀਕੀ ਰਾਸ਼ਟਰਪਤੀ ਜੋਅ ਬਾਇਡਨ ਨੇ ਉਸ ਦੀ ਚੋਣ